© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040313

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.13

| DOI | Received Date | Accepted Date | Published Date |
|---|---|---|---|
| 10.64119/armaan.vol.4.issue3.13 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਪੰਜਾਬੀ ਕਿਸਾਨੀ ਅਤੇ ਕੁਦਰਤੀ ਸੰਕਟ: ਇੱਕ ਅਧਿਐਨ

## Punjabi Kisani Ate Kudrati Sankat: Ikk Adhiyan

**ਪ੍ਰੋ. ਰਾਜਵਿੰਦਰ ਕੌਰ (Prof. Rajwinder Kaur)**

ਕਾਰਜਕਾਰੀ ਪ੍ਰਿੰਸੀਪਲ ਤੇ ਮੁਖੀ ਪੰਜਾਬੀ ਵਿਭਾਗ (Off. Principal & Head, Punjabi Dept.)

ਮਾਤਾ ਸਾਹਿਬ ਕੌਰ ਖਾਲਸਾ ਕਾਲਜ, ਤਲਵੰਡੀ ਭਾਈ ਤਲਵੰਡੀ ਭਾਈ, ਫਿਰੋਜ਼ਪੁਰ (ਪੰਜਾਬ)-142050

ORCID: 0009-0000-3492-2669

*E-Mail: rajugur310@gmail.com*

### *ਸਾਰ (Abstract)*

*ਪੰਜਾਬ ਦਾ ਕਿਸਾਨ ਸੂਬੇ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹੈ ਅਤੇ ਦੇਸ਼ ਦੇ ਅਨਾਜ ਭੰਡਾਰ ਵਿੱਚ ਇਸ ਦੀ ਖੇਤੀਬਾੜੀ ਦਾ ਸਭ ਤੋਂ ਅਹਿਮ ਯੋਗਦਾਨ ਰਿਹਾ ਹੈ। ਵਿਗਿਆਨਕ ਤਰੱਕੀ ਅਤੇ ਮਸ਼ੀਨੀਕਰਨ ਨਾਲ ਆਈ 'ਹਰੀ ਕ੍ਰਾਂਤੀ' ਨੇ ਅਨਾਜ ਉਤਪਾਦਨ ਵਿੱਚ ਬੇਸ਼ੁਮਾਰ ਵਾਧਾ ਕਰਕੇ ਕਿਸਾਨਾਂ ਦੇ ਜੀਵਨ ਪੱਧਰ ਅਤੇ ਜੀਵਨ-ਜਾਂਚ ਨੂੰ ਉੱਚਾ ਚੁੱਕਿਆ। ਪਰ ਇਸ ਦੇ ਨਾਲ ਹੀ ਕੁਦਰਤੀ ਸਾਧਨਾਂ ਨਾਲ ਹੋਈ ਛੇੜਛਾੜ ਅਤੇ ਰਸਾਇਣਕ ਖਾਦਾਂ-ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਾ ਦਿੱਤੀ ਅਤੇ ਗੰਭੀਰ ਸਿਹਤ ਤੇ ਵਾਤਾਵਰਣਕ ਸੰਕਟ ਖੜ੍ਹੇ ਕਰ ਦਿੱਤੇ। ਲਗਾਤਾਰ ਵਧਦੀਆਂ ਲਾਗਤਾਂ ਅਤੇ ਸਮੱਸਿਆਵਾਂ ਨੇ ਕਿਸਾਨੀ ਨੂੰ ਕਰਜ਼ੇ ਅਤੇ ਖੁਦਕੁਸ਼ੀਆਂ ਦੇ ਦੌਰ ਵੱਲ ਧੱਕ ਦਿੱਤਾ, ਜਿਸ ਨਾਲ ਪੰਜਾਬ ਦਾ ਸਮੁੱਚਾ ਸਮਾਜਿਕ-ਆਰਥਿਕ ਤਾਣਾ-ਬਾਣਾ ਪ੍ਰਭਾਵਿਤ ਹੋਇਆ ਹੈ। ਇਹ ਅਧਿਐਨ ਦਰਸਾਉਂਦਾ ਹੈ ਕਿ ਖੇਤੀ ਸਿਰਫ਼ ਅਨਾਜ ਪੈਦਾ ਕਰਨ ਤੱਕ ਸੀਮਤ ਨਹੀਂ, ਸਗੋਂ ਕਈ ਹੋਰ ਧੰਦੇ ਵੀ ਇਸ 'ਤੇ ਨਿਰਭਰ ਹਨ। ਸਿੱਟੇ ਵਜੋਂ, ਪੰਜਾਬ ਦੀ ਆਰਥਿਕਤਾ ਨੂੰ ਮੁੜ ਮਜ਼ਬੂਤ ਕਰਨ ਲਈ ਸਰਕਾਰੀ ਪੱਧਰ 'ਤੇ ਖੇਤੀ ਸੰਕਟ ਦੇ ਹੱਲ ਹਿੱਤ ਠੋਸ ਨੀਤੀਆਂ ਅਤੇ ਕੁਦਰਤ-ਪੱਖੀ ਉਪਰਾਲਿਆਂ ਨੂੰ ਪਹਿਲ ਦੇਣਾ ਅਤਿ ਜ਼ਰੂਰੀ ਹੈ।*

### *ਮੁੱਖ-ਸ਼ਬਦ (Keywords)*

*ਪੰਜਾਬ ਦੀ ਖੇਤੀਬਾੜੀ, ਕਿਸਾਨੀ ਜੀਵਨ, ਹਰੀ ਕ੍ਰਾਂਤੀ, ਖੇਤੀ ਸੰਕਟ, ਵਾਤਾਵਰਣਕ ਪ੍ਰਭਾਵ, ਖੇਤੀ ਅਰਥਚਾਰਾ।*

ਪੰਜਾਬ ਦਾ ਇਤਿਹਾਸ ਨਿਰੰਤਰ ਬਾਹਰੀ ਹਮਲਿਆਂ, ਲੁੱਟ-ਮਾਰ ਅਤੇ ਅਸਥਿਰਤਾ ਦੇ ਦੌਰ ਵਿੱਚੋਂ ਗੁਜ਼ਰਿਆ ਹੈ, ਜਿਸ ਕਾਰਨ ਇੱਥੋਂ ਦੇ ਵਸਨੀਕਾਂ ਵਿੱਚ ਜ਼ਿੰਦਗੀ ਨੂੰ ਵਰਤਮਾਨ ਪਲ ਅੰਦਰ ਜਿਉਣ ਅਤੇ ਹਰ ਤਰ੍ਹਾਂ ਦੇ ਹਾਲਾਤ ਲਈ ਤਿਆਰ ਰਹਿਣ ਦੀ ਵਿਲੱਖਣ ਮਾਨਸਿਕਤਾ ਵਿਕਸਿਤ ਹੋਈ। ਪੰਜਾਬੀਆਂ ਦੇ ਇਸੇ ਜੁਝਾਰੂ ਸੁਭਾਅ ਅਤੇ ਇਤਿਹਾਸਕ ਹਕੀਕਤ ਨੂੰ ਲੋਕ-ਮਨ ਨੇ ਇਸ ਅਖਾਣ ਰਾਹੀਂ ਬਾਖੂਬੀ ਪੇਸ਼ ਕੀਤਾ ਹੈ:

"ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ"

ਉਪਰੋਕਤ ਲੋਕ-ਤੱਤ ਸਮੁੱਚੇ ਪੰਜਾਬੀ ਜਨ ਜੀਵਨ ਦੀ ਪਰਿਭਾਸ਼ਾ ਬਹੁਤ ਹੀ ਸੂਖਮਤਾ ਸਾਹਿਤ ਪ੍ਰਗਟ ਕਰਦਾ ਹੈ ਇਸ ਵਿੱਚ ਪੰਜਾਬੀਆਂ ਦੇ ਜੀਵਾਂ ਦੀ ਸਮੁੱਚੀ ਤਸਵੀਰ ਤੇ ਗਾਥਾ ਸਮੋਈ ਹੈ, ਇਸ ਦਾ ਭਾਵ ਹੈ ਕਿ ਪੰਜਾਬ ਦੇ ਹਰੇਕ ਬਸ਼ਿੰਦੇ ਨੂੰ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਇਹ ਤੱਤ ਵੀ ਸਿਆਣਿਆਂ ਨੇ ਪੰਜਾਬ ਦੀ ਧਰਤੀ ਜਲਵਾਯੂ ਇਸਦੀ ਭੂਗੋਲਿਕ ਰਾਜਨੀਤੀਕ ਤੇ ਸਮਾਜਿਕ ਦਸ਼ਾ ਦੇਤਜਬਿਆਂ ਦੇ ਆਧਾਰ ਤੇ ਕੱਢਿਆ ਹੋਵੇਗਾ ਜੇਕਰ ਅਸੀਂ ਪੰਜਾਬ ਦੇ ਪੁਰਾਤਨ ਨਾਵਾਂ ਤੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਸ ਨੂੰ ਸਪਤ ਸਿੰਧੂ, ਪੰਜ ਆਬ ਪੰਚਨਾਦ ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ, ਇਸ ਦੀ ਭੂਗੋਲਿਕ ਦਸ਼ਾ ਹੀ ਹਮੇਸ਼ਾ ਇਸ ਦੇ ਵਸਨੀਕਾਂ ਲਈ ਨਵੀਆਂ ਵੰਗਾਂਰਾਂ ਲੈ ਕੇ ਆਉਂਦੀ ਰਹੀ ਹੈ, ਕਿਉਂਕਿ ਇਸ ਦੀ ਸਰਹੱਦ ਸਭ ਤੋਂ ਵੱਧ ਮੁਲਕਾਂ ਨਾਲ ਸਾਂਝੀ ਰਹੀ ਹੈ। ਜਿਸ ਕਰਕੇ ਭਾਰਤ ਵਰਸ਼ ਜਾਂ ਦਿੱਲੀ ਵੱਲ ਆਉਣ ਵਾਲੀ ਬਾਹਰਲੀ ਤਾਕਤ ਇਥੋਂ ਗੁਜਰਦੀ ਰਹੀ ਹੈ। ਜਿਸ ਕਰਕੇ ਜਰਵਾਣੇਂ/ ਹਮਲਾਵਰਾਂ ਦੀ ਪਹਿਲੀ ਟੱਕਰਪੰਜਾਬ ਦੇ ਵਸਨੀਕਾਂ ਨਾਲ ਹੁੰਦੀ ਰਹੀ ਹੈ। ਇਸ ਲਈ ਪੰਜਾਬੀ ਹਰ ਵੇਲੇ ਕਿਸੇ ਵੀ ਤਰ੍ਹਾਂ ਦੀ ਮੁਸੀਬਤ ਲਈ ਆਪਣੇ ਆਪ ਨੂੰ ਤਿਆਰ ਰੱਖ ਕੇ ਰੱਖਦੇ ਸਨ, ਦੂਜਾ

ਇਥੋਂ ਦੀ ਜਮੀਨ ਬਹੁਤ ਹੀ ਉਪਜਾਊ ਸੀ ਤੇ ਲੋਕ ਬਹੁਤ ਮਿਹਨਤ ਕਰਨ ਵਾਲੇ ਸਨ ਜਿਸ ਕਰਕੇ ਹਮਲਾਵਰ ਦਿੱਲੀ ਵੱਲ ਜਾਂਦੇ-ਆਉਂਦੇ ਸਮੇਂ ਪੰਜਾਬੀਆਂ ਨੂੰ ਲੁੱਟਣਾ ਵੀ ਆਪਣਾ ਹੱਕ ਸਮਝਦੇ ਸਨ। ਇਸ ਲਈ ਆਪਣੀ ਰੱਖਿਆ ਤੇ ਆਪਣੇ ਰਿਜਕ ਦੀ ਰਾਖੀ ਲਈ ਪੰਜਾਬੀ ਹਮੇਸ਼ਾ ਤਿਆਰ ਰਹਿੰਦੇ ਸਨ ਇਸ ਲਈ ਉਹ ਇਹਨਾਂ ਗੱਲਾਂ ਤੇ ਵਿਸ਼ਵਾਸ ਰੱਖਦੇ ਸਨ।

ਸੋ ਪੰਜਾਬ ਦੀ ਅਜਿਹੀ ਭੂਗੋਲਿਕ ਤੇ ਰਾਜਨੀਤਿਕ ਸਥਿਤੀ ਕਰਕੇ ਇਥੋਂ ਦੇ ਲੋਕ ਬਹੁਤ ਹੀ ਬਹਾਦਰ ਅਤੇ ਤਾਕਤਵਰ ਬਣਦੇ ਗਏ ਅਤੇ ਇਥੋਂ ਦੀ ਜਮੀਨ ਤਾਂ ਉਂਝ ਹੀ ਉਪਜਾਊ ਤੇ ਜਰਖੇਜ ਸੀ। ਇਸ ਲਈਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਇਸਦੀ ਬਹੁ-ਗਿਣਤੀ ਖੇਤੀ ਅਤੇ ਖੇਤੀ ਅਧਾਰਿਤ ਕਿੱਤਿਆ ਤੇ ਨਿਰਭਰ ਕਰਦੀ ਹੈ। ਪੰਜਾਬ ਦੇ ਕੁੱਲ ਖੇਤਰ ਦਾ 80% ਦੇ ਕਰੀਬ ਖੇਤਰ ਖੇਤੀ ਹੇਠ ਪਾਇਆ ਜਾਂਦਾ ਹੈ। ਜੇਕਰ ਦੇਸ ਦੇ ਅਨਾਜ ਭੰਡਾਰ ਦੀ ਗੱਲ ਕਰੀਏ ਤਾਂ ਕੇਂਦਰ ਦੇ ਪੂਲ ਵਿਚ ਝੋਨੇ ਦਾ 60%ਅਤੇ ਕਣਕ ਵਿੱਚ 40% ਅਨਾਜ ਪੰਜਾਬ ਸੂਬੇ ਦੀ ਦੇਣ ਹੈ। ਪੰਜਾਬ ਦੀ ਧਰਤੀ ਜ਼ਰਖੇਜ ਅਤੇ ਪੰਜ ਦਰਿਆਵਾਂ ਵਾਲੀ ਹੋਣ ਕਰਕੇ ਇਸ ਨੂੰ ਦੇਸ਼ ਦਾ ਸਭਤੋਂ ਵੱਧ ਉਪਜਾਊ ਸੂਬਾ ਮੰਨਿਆ ਜਾਂਦਾ ਹੈ।

ਗੁਰੂਆਂ-ਪੀਰਾਂ ਦੀ ਛੋਹ ਪ੍ਰਾਪਤ ਹੋਣ ਕਰਕੇ ਇਸ ਧਰਤੀ ਦੇ ਜਾਇਆਂ ਨੂੰ ਅਣਖੀਲੇ ਬਹਾਦਰ ਤੇ ਕੁੱਲ ਦੁਨੀਆ ਤੋਂ ਵੱਖਰੀ ਪਹਿਚਾਣ ਵਾਲੇ ਮੰਨਿਆ ਜਾਂਦਾ ਹੈ। ਜਿੱਥੇ ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਦੀ ਧਰਤੀ ਦਾ ਮਾਣ ਹਾਸਿਲ ਹੈ ਉਥੇ ਇਸ ਦੇ ਉਪਜਾਊਪਣ ਵਿਚ ਬਹੁਤ ਵੱਡਾ ਯੋਗਦਾਨ ਭਾਖੜਾ ਡੈਮ ਦਾ ਵੀ ਕਿਹਾ ਜਾ ਸਕਦਾ ਹੈ, ਜੋ ਕਿ ਉਸ ਸਮੇਂ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਦੇਣ ਹੈ। ਗੋਬਿੰਦ ਸਾਗਰ ਝੀਲ 'ਤੇ ਬਣੇ ਭਾਖੜਾ ਬੰਨ੍ਹ ਤੋਂ ਆਉਣ ਵਾਲੀ ਬਿਜਲੀ ਨੇ ਵੀ ਪੰਜਾਬੀ ਸੂਬੇ ਦੀ ਪ੍ਰਗਤੀ ਤੇ ਤਰੱਕੀ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਪੰਜਾਬ ਦੇ ਪ੍ਰਸਿੱਧ ਕਵੀ ਨੰਦ ਲਾਲ ਨੂਰਪੁਰੀ ਨੇ ਇਸ ਭਾਖੜਾ ਬੰਨ੍ਹ ਦੀ ਪੰਜਾਬ ਦੀ ਖੁਸ਼ਹਾਲੀ ਪਿੱਛੇ ਦੇਣ ਨੂੰ ਬਹੁਤ ਹੀ ਖੂਬਸੂਰਤ ਅੰਦਾਜ ਵਿਚ ਚਿਤਰਿਆ ਹੈ:-

*ਭਾਖੜੇ ਤੋਂ ਆਉਂਦੀ ਮੁਟਿਆਰ ਇੱਕ ਨੱਚਦੀ*
*ਚੰਦ ਨਾਲੋਂ ਗੋਰੀ ਉਤੇ ਚੁੰਨੀ ਸੁੱਚੇ ਕੱਚ ਦੀ*
*ਮਾਰ ਮਾਰ ਹਾਕਾਂ ਉਹਨੇ ਪੈਲੀਆਂ ਜਗੌਣੀਆਂ*
*ਸਾਵੀਆਂ ਪੁਸ਼ਾਕਾਂ ਪਾ ਪਾ ਸੋਹਣੀਆਂ ਸਜੌਣੀਆਂ*
*ਬੇਲਿਆਂ ਤੇ ਬੰਜਰਾਂ ਨੂੰ ਜਾਊਗੀ ਉਹ ਰੰਗਦੀ*
*ਲਾਲੀ ਜਿੱਥੇ ਪਈ ਉਹਦੇ ਸੁਹਣੇ ਅੰਗ ਅੰਗ ਦੀ*
*ਪਿੰਡਾਂ ਦੀਆਂ ਰੌਣਕਾਂ 'ਚ ਕਿਵੇਂ ਆਵੇ ਨੱਚਦੀ*
*ਭਾਖੜੇ ਤੋਂ ਆਉਂਦੀ ਮੁਟਿਆਰ ਇੱਕ ਨੱਚਦੀ।* [1]

ਇਸ ਅਧਿਐਨ ਲਈ ਦੋ ਤਰ੍ਹਾਂ ਦੇ ਅੰਕੜੇ ਇਕੱਤਰ ਕੀਤੇ ਗਏ ਹਨ– ਪ੍ਰਾਇਮਰੀ ਅਤੇ ਸੈਕੰਡਰੀ ਅੰਕੜੇ। ਪ੍ਰਾਇਮਰੀ ਅੰਕੜੇ ਆਮ ਕਿਸਾਨਾਂ ਨਾਲ ਗੱਲਬਾਤ ਅਤੇ ਵਿਸ਼ਾ ਮਾਹਿਰ ਨਾਲ ਮੁਲਾਕਾਤ ਅਧਾਰਤ ਹਨ। ਸੈਕੰਡਰੀ ਅੰਕੜੇ ਸਰਕਾਰੀ ਰਿਪੋਰਟਾਂ ਤੇ ਸਰਵੇਖਣ 'ਤੇ ਅਧਾਰਤ ਹਨ। ਸਹੀ ਵਿਸ਼ਲੇਸ਼ਣ ਤੇ ਮੁਲਾਂਕਣ ਲਈ ਤੁਲਨਾਤਮਕ ਖੋਜ ਵਿਧੀ ਤੇ ਅੰਕੜੇ ਅਧਾਰਤ ਖੋਜ ਵਿਧੀ ਦੀ ਵਰਤੋਂ ਕੀਤੀ ਗਈ ਹੈ। ਇਨ੍ਹਾਂ ਵਿਧੀਆਂ ਰਾਹੀਂ ਕਿਸਾਨੀ ਪੇਸ਼ੇ ਦੀਆਂ ਸਮੱਸਿਆਵਾਂ ਬਾਰੇ ਚਾਨਣਾ ਪਾਉਂਣ ਦੇ ਨਾਲ-ਨਾਲ ਇਸ ਪੇਸ਼ੇ ਦੀ ਸਹੀ ਤਸਵੀਰ ਦੀ ਪੇਸ਼ਕਾਰੀ ਦੀ ਕੋਸ਼ਿਸ ਕੀਤੀ ਜਾਵੇਗੀ।

ਇਸ ਖੋਜ ਪੱਤਰ ਦਾ ਉਦੇਸ਼ ਸਮਾਜ ਦੀ ਬੁਨਿਆਦ ਕਿਸਾਨੀ ਵਰਗ ਦੀ ਅਸਲ ਤਸਵੀਰ ਪੇਸ਼ ਕਰਨਾ ਹੈ, ਜਿਵੇਂ ਕਿ ਅਸੀ ਜਾਣਦੇ ਹਾਂ ਕਿ ਕਿਸਾਨਾਂ ਪ੍ਰਤੀ ਸਰਕਾਰ ਦਾ ਨਜ਼ਰੀਆ ਤੇ ਦੂਜੇ ਵਰਗਾਂ ਦੀ ਸੋਚ ਕਿਸਾਨੀ ਦੀ ਅਸਲ ਹਾਲਤ ਤੋਂ ਬਿਲਕੁੱਲ ਵੱਖਰੀ ਹੈ। ਕਿਸਾਨੀ ਪੇਸ਼ੇ ਦੀਆਂ ਜੋ ਅਸਲ ਸਮੱਸਿਆਵਾਂ ਹਨ। ਸਰਕਾਰ ਉਨ੍ਹਾਂ ਪ੍ਰਤੀ ਜਮੀਨੀ ਪੱਧਰ 'ਤੇ ਜਾ ਕੇ ਨਹੀਂ ਵੇਖਦੀ ਤੇ ਨਾਂ ਹੀ ਉਨ੍ਹਾਂ ਦੀ ਸਹੀ ਰਿਪੋਰਟ ਸਰਕਾਰ ਤੱਕ ਪਹੁੰਚਦੀ ਹੈ। ਇਸੇ ਤਰ੍ਹਾਂ ਦੂਜੇ ਵਰਗ ਖੇਤੀ ਪਦਾਰਥਾਂ ਤੇ ਫਸਲਾਂ ਦੀ ਕੀਮਤ ਬੜੀ ਮਾਮੂਲੀ ਤੇ ਆਮ ਕੀਮਤ ਵਾਲੀ ਸਮਝਦੇ ਹਨ, ਜਦਕਿ ਅੱਜ ਦੇ ਸਮੇਂ ਖੇਤੀਬਾੜੀ ਨੂੰ ਸਫਲ ਬਣਾਉਂਣ ਲਈ ਜੋ ਮਸ਼ੀਨਰੀ ਤੇ ਕਟੀਨਾਸ਼ਕ ਵਰਤੇ ਜਾਂਦੇ, ਉਨ੍ਹਾਂ ਦੀ ਕੀਮਤ ਤੋਂ ਅਣਜਾਣ ਹੁੰਦੇ ਹਨ। ਸੋ ਵੇਖ-ਵੇਖ ਸ੍ਰੋਤਾਂ ਦੀ ਵਰਤੋਂ ਕਰਦਿਆਂ ਕਿਸਾਨੀ ਸਮਾਜ ਦੀਆਂ ਸਮੱਸਿਆਵਾਂ ਤੇ ਕਿਸਾਨੀ ਪੇਸ਼ੇ ਦੀ ਜਮੀਨੀ ਹਕੀਕਤ ਨੂੰ ਪੇਸ਼ ਕਰਨਾ ਇਸ ਖੋਜ ਪੱਤਰ ਦਾ ਮੁੱਢਲਾ ਮੰਤਵ ਹੈ।

ਪੰਜਾਬ ਵਿਚ ਅਨਾਜ ਦੀ ਬਹੁਤਾਤ ਉਪਜ ਦਾ ਸਿਹਰਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਇਸਦੇ ਮਾਹਿਰਾਂ ਨੂੰ ਜਾਂਦਾ ਹੈ ਜਿਨ੍ਹਾਂ ਦੀਆਂ ਉੱਚ-ਕੋਟੀ ਦੀਆਂ ਖੋਜਾਂ ਨੇ ਪੰਜਾਬ ਦੀ ਖੇਤੀ ਨੂੰ ਉੱਨਤ ਤੇ ਖੁਸ਼ਹਾਲ ਕਰਨ ਵਿਚ ਲਗਾਤਾਰ ਯੋਗਦਾਨ ਦਿੱਤਾ। ਹਰੀ ਕ੍ਰਾਂਤੀ ਦੇ ਆਉਣ ਨਾਲ (ਮਸ਼ੀਨਰੀ ਦੀ ਬਹੁ ਵਰਤੋ ਕੀਟਨਾਸ਼ਕ ਦਵਾਈਆ ਦਾ ਵਾਧਾ, ਅਨਾਜ ਦੀ ਰਿਕਾਰਡ ਤੋੜ ਉਪਜ) ਪੰਜਾਬ ਦੇ ਅਰਥਚਾਰੇ ਵਿਚ ਹੈਰਾਨੀਜਨਕ ਬਦਲਾਅ ਦੇਖਣ ਨੂੰ ਮਿਲਿਆ। ਹਰੀ ਕ੍ਰਾਂਤੀ ਤੋਂ ਪਹਿਲਾਂ ਦੀ ਪੰਜਾਬ ਦੀ ਖੇਤੀਬਾੜੀ ਦੀ ਹਾਲਤ ਬਾਰੇ ਡਾ.ਟੀ.ਆਰ ਵਿਨੋਦ ਲਿਖਦੇ ਹਨ-

> *'ਖੇਤੀਬਾੜੀ ਦੀ ਤਕਨੀਕ ਪੱਛੜੀ ਹੋਈ ਸੀ। ਉਹ ਬਹੁਤ ਕਰਕੇ ਕੁਦਰਤ ਦੇ ਰਹਿਮ ਉੱਤੇ ਨਿਰਭਰ ਸੀ, ਜਿਸ ਕਰਕੇ ਪੈਦਾਵਾਰ ਵੀ ਬਹੁਤ ਘੱਟ ਹੁੰਦੀ ਸੀ। ਪੇਂਡੂ ਵਸੋਂ ਦਾ ਮੁਸ਼ਕਲ ਨਾਲ ਗੁਜਾਰਾ ਹੁੰਦਾ ਸੀ। ਹੜ੍ਹ ਅਤੇ ਸੋਕੇ ਨਾਲ ਅਕਸਰ ਕਾਲ ਪੈ ਜਾਂਦਾ ਸੀ। ਜਿਸ ਤੋਂ ਬਚਣ ਦਾ ਪੇਂਡੂ ਲੋਕਾਂ ਕੋਲ ਕੋਈ ਸਾਧਨ ਨਹੀਂ ਸੀ। ਰਾਜਨੀਤਿਕ ਸ਼ਕਤੀਆਂ ਦੇ ਸੋਸ਼ਣ ਤੇ ਹਮਲਾਵਰਾਂ ਦੀ ਤਬਾਹੀ ਕਾਰਨ ਵੀ ਪੇਂਡੂ ਲੋਕ ਅਕਸਰ ਮੁਸੀਬਤ ਵਿੱਚ ਫਸੇ ਰਹਿੰਦੇ ਸਨ। ਉਤਪਾਦਨ ਪ੍ਰਣਾਲੀ ਦੇ ਪਛੜਵੇਂ ਤੇ ਸ਼੍ਰੇਣੀ ਸਮਾਜ ਦੀਆਂ ਲੋੜਾਂ ਨੇ ਪੇਂਡੂ ਵਸੋਂ ਵਿੱਚ ਅਜਿਹੇ ਧਾਰਮਿਕ-ਸਾਂਸਕ੍ਰਿਤਕ ਵਿਸ਼ਵਾਸ ਪ੍ਰਚਲਿਤ ਕੀਤੇ ਹੋਏ ਸਨ ਕਿ ਉਹ ਆਪਣੀ ਸਥਿਤੀ ਦੇ ਸੁਧਾਰ ਬਾਰੇ ਸੋਚ ਵੀ ਨਹੀਂ ਸਕਦੇ ਸਨ।* [2]

ਇਸ ਤਰ੍ਹਾਂ ਹਰੀ ਕ੍ਰਾਂਤੀ ਤੋਂ ਪਹਿਲਾਂ ਸਾਡਾ ਦੇਸ ਅਨਾਜ ਪੂਰਤੀ ਲਈ ਦੁਨੀਆ ਦੇ ਅਮੀਰ ਮੁਲਕ ਅਮਰੀਕਾ ਤੋਂ ਕਣਕ ਅਯਾਤ ਕਰਦਾ ਸੀ। ਇਸ ਸੰਬੰਧੀ ਭਾਰਤ ਦੀ ਅਮਰੀਕਾ ਨਾਲ ਸੰਧੀ ਹੋਈ ਸੀ ਜਿਸ ਅਨੁਸਾਰ ਉਹ ਕਲਿਆਣ ਤੇ ਪੀ.ਬੀ-18 ਦੋ ਕਿਸਮਾਂ ਦੀ ਕਣਕ ਭਾਰਤ ਨੂੰ ਦਿੰਦਾ ਸੀ। ਪਰ ਕਿਸੇ ਕਾਰਨ ਕਰਕੇ ਅਮਰੀਕਾ ਨੇ ਅਚਨਚੇਤ ਭਾਰਤ ਨੂੰ ਕਣਕ ਨਾ ਦੇਣ ਦਾ ਐਲਾਨ ਕਰ ਦਿੱਤਾ ਜੋ ਕਿ ਭਾਰਤ ਵਰਗੇ ਅਣਵਿਕਸਿਤ ਮੁਲਕ ਲਈ ਇਕ ਬਹੁਤ ਵੱਡੀ ਵੰਗਾਰ ਸੀ। ਅਜਿਹੇ ਸਮੇਂ ਅਚਨਚੇਤ ਆਉਣ ਵਾਲੇ ਇਸ ਸੰਕਟ ਨਾਲ ਨਜਿੱਠਣ ਲਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਇਕ ਬਹੁਤ ਹੀ ਵਚਿੱਤਰ ਤੇ ਕਾਰਗਰ ਨੁਕਤਾ ਲੱਭਿਆ। ਉਨ੍ਹਾਂ ਨੇ ਭਾਰਤ ਦੇ ਹਰੇਕ ਵਾਸੀ ਨੂੰ ਹਫਤੇ ਵਿਚ ਇਕ ਦਿਨ ਵਰਤ ਰੱਖਣ ਦੀ ਅਪੀਲ ਕੀਤੀ ਤੇ ਨਾਲ ਹੀ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਦੇ ਕੇ ਭਾਰਤੀ ਕਿਸਾਨ ਨੂੰ ਦੱਬ ਕੇ ਖੇਤੀ ਕਰਨ ਤੇ ਫਸਲ ਪੈਦਾ ਕਰਨ ਦੀ ਹੱਲਾਸ਼ੇਰੀ ਦਿੱਤੀ ਤਾਂ ਜੇ ਅਨਾਜ ਦੀ

ਕਮੀ ਵਾਲੀ ਸਮੱਸਿਆ ਨੂੰ ਪੂਰਾ ਕੀਤਾ ਜਾ ਸਕੇ। ਇਸ ਦੇ ਨਾਲ ਹੀ ਖੇਤੀ ਮਾਹਿਰਾਂ ਨੂੰ ਅਨਾਜ ਦੀ ਪੈਦਾਵਾਰ ਵਧਾਉਣ ਲਈ ਉਨ੍ਹਾਂ ਨਾਲ ਵਿਚਾਰ ਵਟਾਂਦਰੇ ਵੀ ਕੀਤੇ ਗਏ।

ਇਨ੍ਹਾਂ ਉਪਰਾਲਿਆਂ ਦੇ ਅੰਤਰਗਤ ਪੰਜਾਬ ਦੇ ਮੁੱਖ ਮੰਤਰੀ ਸ.ਪ੍ਰਤਾਪ ਸਿੰਘ ਕੈਰੋਂ ਨੇ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਖੇਤੀ ਮਾਹਿਰਾ ਨੂੰ ਬੁਲਾ ਕੇ ਪੰਜਾਬ ਵਿਚਲੀ ਉਪਜਾਊ ਭੂਮੀ ਦੀ ਸੁਚੱਜੀ ਵਰਤੋਂ ਅਤੇ ਅਨਾਜ ਦੀ ਪੈਦਾਵਾਰ ਵਿਚ ਵਾਧਾ ਕਰਨ ਲਈ ਸੁਝਾਅ ਦੇਣ ਤੇ ਕੰਮ ਕਰਨ ਲਈ ਕਿਹਾ। ਜਿਸ ਤੇ ਖੇਤੀ ਦੇ ਮਾਹਿਰ ਡਾ ਮਹਿੰਦਰ ਸਿੰਘ ਰੰਧਾਵਾ ਵੱਲੋਂ ਅਮਰੀਕਾ ਦੀ ਤਕਨੀਕ 'ਤੇ ਖੇਤੀ ਕਰਵਾਉਣ ਦਾ ਸੁਝਾਅ ਦਿੱਤਾ ਗਿਆ। ਜਿਸ 'ਤੇ ਉਨ੍ਹਾਂ ਦੀ ਅਗਵਾਈ ਹੇਠ ਇਕ ਵਫਦ ਤਿੰਨ ਮਹੀਨਿਆਂ ਲਈ ਸਿਖਲਾਈ ਲੈਣ ਵਿਦੇਸ਼ ਗਿਆ। ਉੱਥੋਂ ਦੀ ਤਕਨੀਕ ਬਾਰੇ ਜਾਣਕਾਰੀ ਲੈ ਕੇ ਆਏ ਵਫਦ ਨੇ ਸਭ ਤੋਂ ਪਹਿਲਾ ਪੰਜਾਬ ਵਿਚ ਸਿੰਚਾਈ ਦੀ ਨਵੀਂ ਤਕਨੀਕ ਅਰੰਭ ਕਰਨ ਦੀ ਸਿਫਾਰਿਸ਼ ਕੀਤੀ। ਜਿਸ ਤਹਿਤ ਸ਼ੁਰੂ ਵਿਚ ਸਰਕਾਰੀ ਟਿਊਬਵੈੱਲ ਲਗਾ ਕੇ ਖੇਤੀ ਲਈ ਸਿੰਚਾਈ ਦੇ ਸਾਧਨਾ ਵਿਚ ਬਦਲਾਅ ਲਿਆਂਦਾ। ਇਸ ਤੋਂ ਪਹਿਲਾਂ ਖੇਤੀ ਲਈ ਕੁਦਰਤੀ ਸ੍ਰੋਤਾਂ ਤੇ ਖੂਹ ਦੇ ਪਾਣੀ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਪਹਿਲੀ ਵਾਰ ਸੀ ਜਦੋਂ ਗੈਰ-ਕੁਦਰਤੀ ਸਾਧਨਾਂ ਰਾਹੀਂ ਖੇਤੀ ਲਈ ਸਿੰਚਾਈ ਸਾਧਨਾਂ ਦੀ ਵਰਤੋਂ ਕੀਤੀ ਗਈ ਜਿਸ ਨੇ ਖੇਤੀ ਉਤਪਾਦਨ ਵਿਚ ਬੇਸੁਮਾਰ ਵਾਧਾ ਕੀਤਾ।

ਅਨਾਜ ਦੇ ਇਸ ਬੇਸ਼ੁਮਾਰ ਵਾਧੇ ਨਾਲ ਦੇਸ਼ ਦੇ ਅਨਾਜ ਭੰਡਾਰ ਵਿਚ ਪੰਜਾਬ ਦੇ ਹਿੱਸੇ ਵਿਚ ਕਈ ਗੁਣਾ ਵਾਧਾ ਹੋਇਆ। ਖੇਤੀ ਦੇ ਮਸ਼ੀਨੀਕਰਨ ਤੇ ਵਪਾਰੀਕਰਨ ਨੇ ਪੰਜਾਬ ਦੇ ਕਿਸਾਨਾਂ ਦੇ ਜੀਵਨ ਪੱਧਰ ਨੂੰ ਕਾਫੀ ਉੱਚਾ ਚੁੱਕਿਆ। ਸਿਰਫ ਦੇਸ਼ ਵਿਚਲੀ ਅਨਾਜ ਦੀ ਸਮੱਸਿਆ ਹੀ ਦੂਰ ਨਹੀਂ ਹੋਈ ਬਲਕਿ ਪੰਜਾਬੀ ਜੀਵਨ ਦੇ ਹਰੇਕ ਖੇਤਰ ਵਿਚ ਕਈ ਤਰ੍ਹਾਂ ਦੇ ਬਦਲਾਅ ਲਿਆਂਦੇ। ਪੰਜਾਬੀ ਕਿਸਾਨ ਦੀ ਇਸ ਅਣਥੱਕ ਮਿਹਨਤ ਨੂੰ ਪੰਜਾਬ ਤੋਂ ਬਾਹਰ ਕੱਢਣ ਲਈ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਭਾਰਤ ਦੇ ਦੂਜੇ ਰਾਜਾਂ ਜਿਵੇਂ- ਉੱਤਰ ਪ੍ਰਦੇਸ਼ ਰਾਜਸਥਾਨ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ ਆਦਿ ਦੀ ਧਰਤੀ ਨੂੰ ਉਪਜਾਊ ਬਣਾਉਣ ਲਈ ਪੰਜਾਬੀਆਂ ਨੂੰ ਉੱਥੇ ਜਾ ਕੇ ਵੱਸਣ ਦਾ ਮੌਕਾ ਪ੍ਰਦਾਨ ਕੀਤਾ। ਉਨ੍ਹਾਂ ਦੀ ਇਸ ਨੀਤੀ ਪਿੱਛੇ ਦੋ ਉਦੇਸ਼ ਸਨ . ਇਕ ਤਾਂ ਉਨ੍ਹਾਂ ਰਾਜਾਂ ਦੀ ਭੂਮੀ ਨੂੰ ਉਪਜਾਊ ਬਣਾ ਕੇ ਅਨਾਜ ਪੈਦਾ ਕਰਨਾ ਤੇ ਦੂਜਾ ਇਹ ਸਰਹੱਦੀ ਇਲਾਕੇ ਹੋਣ ਕਰਕੇ ਪੰਜਾਬੀਆਂ ਦੇ ਇੱਥੇ ਆਉਣ ਨਾਲ ਮੁਲਕ ਦੀਆਂ ਸਰਹੱਦਾਂ ਦੀ ਸੁਰੱਖਿਆ ਵਧਾਉਣਾ। ਇਸ ਤਰ੍ਹਾਂ ਪੰਜਾਬ ਵਿਚ ਫਸਲੀ ਵਿਭਿੰਨਤਾ ਵੀ ਵੇਖਣ ਨੂੰ ਮਿਲਦੀ ਹੈ ਜਿਸ ਵਿਚ ਪੱਕੀਆਂ ਫਸਲਾਂ ਤੋਂ ਇਲਾਵਾ ਮੌਸਮੀ ਫਸਲਾਂ ਜਿਵੇਂ-ਫਲ ਸਬਜੀਆਂ, ਮੱਕੀ, ਦਾਲਾਂ, ਨਰਮਾ ਤੇਲ ਵਾਲੀਆਂ ਫਸਲਾਂ ਦੀ ਖੇਤੀ ਨੂੰ ਵੀ ਕਿਸਾਨਾਂ ਨੇ ਅਪਣਾਇਆ। ਅਜਿਹਾ ਕਰਨ ਨਾਲ ਪੰਜਾਬ ਵਿਚ ਖੇਤੀ ਅਧਾਰਿਤ ਉਦਯੋਗਾਂ ਵਿਚ ਵਾਧਾ ਹੁੰਦਾ ਹੈ ਜਿਵੇਂ ਕਿ ਓਸਵਾਲ ਫੈਕਟਰੀ ਧੂਰੀ ਮਿਲ, ਸੂਗਰ ਮਿਲ ਆਦਿ ਦੇਖੇ ਜਾ ਸਕਦੇ ਹਨ। ਜਿਨ੍ਹਾਂ ਨੇ ਕਿਸਾਨੀ ਤੋਂ ਇਲਾਵਾ ਹੋਰ ਲੋਕਾ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ।

ਅਜਿਹੇ ਸਮੇਂ ਲਗਾਤਾਰ ਹੋ ਰਹੀ ਖੇਤੀ ਦੀ ਉਨਤੀ ਨੇ ਜਿੱਥੇ ਪੰਜਾਬੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਿਆ ਉੱਥੇ ਹੌਲੀ-ਹੌਲੀ ਇਸਦੇ ਮਾੜ੍ਹੇ ਅਸਰ ਵੀ ਦਿਖਾਈ ਦੇਣ ਲੱਗੇ। ਖਾਦਾ ਤੇ ਕੀਟਨਾਸ਼ਕ ਦਵਾਈਆ ਦੀ ਬੇਲੋੜੀ ਵਰਤੋਂ ਨਾਲ ਪੈਦਾ ਹੋਣ ਵਾਲੇ ਅਨਾਜ ਨੂੰ ਖਾ ਕੇ ਆਮ ਵਿਅਕਤੀ ਦੀਆਂ ਸਿਹਤ ਸੰਬੰਧੀ ਸਮੱਸਿਆਵਾਂ ਵਧਣ ਲੱਗੀਆਂ। ਜਿਵੇਂ- ਕੈਂਸਰ ਵਰਗੀ ਨਾਮੁਰਾਦ ਬਿਮਾਰੀ ਇਸ ਸਮੇਂ ਕਾਲ ਤੋਂ ਬਾਅਦ ਹੀ ਭਿਅੰਕਰ ਰੂਪ ਧਾਰਨ ਕਰਦੀ ਹੈ। ਇਸ ਤਰ੍ਹਾਂ ਹਰੀ ਕ੍ਰਾਂਤੀ ਨੇ ਭਾਵੇਂ ਪ੍ਰਤੀ ਵਿਅਕਤੀ ਆਮਦਨ ਵਿਚ ਵਾਧਾ ਤਾਂ ਕੀਤਾ ਪਰ ਸਿਹਤ ਪੱਖੋਂ ਪੰਜਾਬੀਆਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਣ ਲੱਗਾ। ਧਰਤੀ ਹੇਠਲੇ ਪਾਣੀ ਦਾ ਸਤਰ ਲਗਾਤਾਰ ਡੂੰਘਾ ਜਾਣ ਲੱਗਾ ਕਿਉਂ ਜੋ ਟਿਊਬਵੈੱਲ ਰਾਹੀਂਲਗਾਤਾਰ ਪਾਣੀ ਕੱਢਿਆ ਜਾਣ ਲੱਗਾ ਪਰ ਪਾਣੀ ਦੀ ਧਰਤੀ ਵਿਚ ਵਾਪਸੀ ਦੀ ਦਰ ਬਹੁਤ ਘੱਟ ਹੋਣ ਲੱਗੀ। ਜਿਸ ਕਰਕੇ ਪੀਣਯੋਗ ਪਾਣੀ ਦੀ ਕਮੀ ਆਉਂਣੀ ਸ਼ੁਰੂ ਹੋ ਗਈ। ਕਣਕ ਅਤੇ ਝੋਨੇ ਦੇ ਫਸਲੀ ਚੱਕਰ ਨੇ ਸਮੱਸਿਆ ਵਿੱਚ ਹੋਰ ਵਾਧਾ ਕੀਤਾ। ਬੇਸ਼ੱਕ ਹਰੀ ਕ੍ਰਾਂਤੀ ਕਰਕੇ ਸਾਡਾ ਦੇਸ਼ ਅਨਾਜ ਅਯਾਤ ਕਰਨ ਦੀ ਬਜਾਏ ਨਿਰਯਾਤ ਕਰਨ ਲੱਗਾ ਤੇ ਵਪਾਰੀਕਰਨ ਦੇ ਵਾਧੇ ਕਰਕੇ ਬਜਾਰ ਵਿਚ ਪੈਸੇ ਦੀ ਬਹੁਤਾਤ ਹੋਣ ਲੱਗੀ। ਕਿਸਾਨ ਵਸਤ ਵਟਾਂਦਰੇ ਤੋਂ ਮੰਡੀਕਰਨ ਵੱਲ ਵੱਧਣ ਲੱਗਾ ਤੇ ਮਸ਼ੀਨੀ ਯੁੱਗ ਦੀ ਭਰਮਾਰ ਨੇ ਕਈ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਮੁਹੱਈਆ ਕਰਵਾਏ, ਜਿਸ ਕਰਕੇ ਸੁੱਖ ਦੇ ਨਾਲ-ਨਾਲ ਸਮਾਜਿਕ ਤੇ ਆਰਥਿਕ ਜੀਵਨ ਵਿੱਚ ਕਈ ਤਰ੍ਹਾਂ ਦੇ ਬਦਲਾਅ ਆਉਂਣੇ ਸ਼ੁਰੂ ਕਰ ਦਿੱਤੇ। ਜਿਸ ਨੇ ਆਮ ਮਨੁੱਖ ਦੀਆਂ ਲੋੜਾਂ ਨੂੰ ਖਾਹਿਸ਼ਾ ਤੇ ਐਸ਼-ਪ੍ਰਸਤੀ ਵਿਚ ਬਦਲ ਦਿੱਤਾ।

ਆਮ ਮਨੁੱਖ ਪਿੰਡ ਤੋਂ ਸ਼ਹਿਰੀ ਜੀਵਨ ਵੱਲ ਆਕਰਸਿਤ ਹੋਣ ਲੱਗਾ ਜਿਸ ਨਾਲ ਸਾਲਾਂ ਪੁਰਾਣਾ ਸਮਾਜਿਕ ਢਾਂਚਾ ਵਿਗੜਨ ਲੱਗਾ ਤੇ ਨੈਤਿਕ ਕਦਰਾਂ-ਕੀਮਤਾਂ ਦਾ ਲਗਾਤਾਰ ਨਿਘਾਰ ਹੋਣ ਲੱਗਾ। ਪੈਸੇ ਦੀ ਬਹੁਤਾਤ ਨੇ ਕਰਜਾ ਲੈਣ ਦੀ ਬਿਰਤੀ ਵਿਚ ਵਾਧਾ ਕੀਤਾ। ਕਿਉ ਜੋ ਸਸਤੀਆਂ ਵਿਆਜ ਦਰਾਂ 'ਤੇ ਸੌਖੇ ਤਰੀਕੇ ਨਾਲ ਮਿਲਣ ਵਾਲੇ ਕਰਜੇ ਨੇ ਹਰੇਕ ਮਨੁੱਖ ਨੂੰ ਕਰਜ਼ਾ ਲੈਣ ਲਈ ਪ੍ਰੇਰਿਤ ਕੀਤਾ। ਜਿਸ ਨਾਲ ਫੋਕੀ ਟੌਹਰ ਅਤੇ ਵਿਖਾਵੇਬਾਜੀ ਵਿਚ ਨਿਰੰਤਰ ਵਾਧਾ ਹੋਣ ਲੱਗਾ। ਪੇਂਡੂ ਸਮਾਜ ਖਾਸ ਕਰਕੇ ਕਿਰਸਾਨੀ ਵਰਗ ਵਿਚ ਜਨਮ, ਵਿਆਹ ਅਤੇ ਮੌਤ ਵਰਗੀਆਂ ਰਸਮਾਂ ਉੱਪਰ ਲੋੜੋ ਵੱਧ ਪੈਸੇ ਖਰਚਣ ਤੇ ਵਿਖਾਵਾ ਦੇਖਣ ਨੂੰ ਮਿਲਣ ਲੱਗਾ। ਇਸ ਦਾ ਸਭ ਤੋਂ ਵੱਧ ਅਸਰ ਨਿਮਨ ਕਿਸਾਨੀ ਤੇ ਦਿਖਾਈ ਦਿੱਤਾ। ਇਹ ਵਰਗ ਲਗਾਤਾਰ ਕਰਜੇ ਦੀ ਦਲਦਲ ਵਿਚ ਧਸਣ ਲੱਗਾ ਤੇ ਹੌਲੀ-ਹੌਲੀ ਇਹ ਬੇਜਮੀਨੇ ਕਿਸਾਨ ਮਜਦੂਰ ਵਰਗ ਵਿਚ ਸ਼ਾਮਿਲ ਹੋਣ ਲੱਗਾ। ਕਰਜੇ ਦੀ ਇਸ ਸਰਲ ਤੇ ਸੌਖੀ ਵਿਧੀ ਨੇ ਸਰਮਾਏਦਾਰਾਂ ਤੇ ਵੱਡੇ ਜਿਮੀਦਾਰਾਂ ਲਈ ਨਵੇਂ ਰਾਹ ਖੋਲ ਦਿੱਤੇ। ਸਰਕਾਰੀ ਕਾਨੂੰਨੀ ਤੇ ਨਿਆਂ ਪ੍ਰਣਾਲੀ ਵੀ ਆਮ ਕਿਸਾਨਾਂ ਦੀ ਬਜਾਏ ਧਨਾਢ ਵਰਗ ਦੇ ਹੱਕ ਵਿਚ ਭੁਗਤਣ ਲੱਗੇ।

ਇੱਥੇ ਇਹ ਵੀ ਗੱਲ ਜਿਕਰਯੋਗ ਹੈ ਕਿ ਇਕ ਪਾਸੇ ਮਸ਼ੀਨਰੀ ਦੀ ਵਰਤੋਂ ਖੇਤੀ ਵਿਚ ਹੋਣ ਲੱਗੀ ਤੇ ਦੂਜੇ ਪਾਸੇ ਪ੍ਰਵਾਸੀ ਮਜਦੂਰਾਂ ਦੀ ਪੰਜਾਬ ਵਿਚ ਆਮਦ ਪੰਜਾਬੀ ਕਿਸਾਨੀ ਲਈ ਇਕ ਹੋਰ ਵੱਡੀ ਵੰਗਾਰ ਬਣ ਕੇ ਆਈ। ਪੰਜਾਬੀ ਕਿਸਾਨਾਂ ਦੇ ਹੱਥੀਂ ਕੰਮ ਕਰਨ ਦੀ ਪ੍ਰਵਿਰਤੀ ਘਟਣ ਲੱਗੀ ਤੇ ਇਸ ਦੀ ਥਾਂ ਆਧੁਨਿਕ ਮਸ਼ੀਨਰੀ ਤੇ ਪ੍ਰਵਾਸੀ ਮਜ਼ਦੂਰਾਂ ਨੇ ਲੈ ਲਈ। ਆਮ ਪੰਜਾਬੀ ਕਿਸਾਨ ਐਸ਼-ਪ੍ਰਸਤੀ ਵਿਚ ਪੈ ਕੇ 'ਚਿੱਟ-ਕਪੜੀਏ ਬਣ ਕੇ ਰਹਿ ਗਿਆ। ਜਿਸ ਨੇ ਪੰਜਾਬੀ ਸਮਾਜ ਨੂੰ ਬਾਬੇ ਨਾਨਕ ਦੇ 'ਕਿਰਤ ਕਰੋ' ਦੇ ਸਿਧਾਂਤ ਤੋਂ ਬਹੁਤ ਦੂਰ ਕਰ ਦਿੱਤਾ ਤੇ ਵਿਸਵੀਕਰਨ ਤੇ ਆਧੁਨਿਕ ਸਹੂਲਤਾਂ ਨੇ ਆਮ ਪੰਜਾਬੀ ਨੂੰ ਵਿਹਲੜ ਤੇ ਨਿਕੰਮਾ ਬਣਾ ਦਿੱਤਾ। ਇਹ ਵਿਹਲਪੁਣਾ ਉਸ ਲਈ ਕਈ ਤਰ੍ਹਾਂ ਦੀਆਂ ਅਲਾਮਤਾਂ ਲੈ ਕੇ ਆਇਆ ਜਿਵੇਂ ਨਸ਼ੇ ਦੀ ਲਤ, ਫਿਲਮੀਦੁਨੀਆ ਵਰਗੀ ਜਿੰਦਗੀ ਆਦਿ ਜੋ ਪੰਜਾਬੀ ਕਦੇ ਦੁਨੀਆ ਭਰ ਵਿਚ ਆਪਣੀ ਬਹਾਦਰੀ ਲਈ ਤੇ ਕਿਰਤ ਕਰਕੇ ਪੂਰੇ ਦੇਸ ਲਈ ਅੰਨਦਾਤਾ ਹੁੰਦਾ ਸੀ ਉਹ ਹੌਲੀ-ਹੌਲੀ ਕਈ ਅਲਾਮਤਾਂ ਦਾ ਸ਼ਿਕਾਰ ਹੋਣ ਲੱਗਾ। ਇਹੀ ਵਿਹਲਪੁਣਾ

ਤੇ ਬੇਲੋੜੇ ਕਰਜੇ ਦੀਆਂ ਪੰਡਾਂ ਕਿਸਾਨਾਂ ਦਾ ਗਲੇ ਦਾ ਫਾਹਾ ਬਣ ਗਿਆ ਤੇ ਦੇਸ਼ ਦਾ ਅੰਨਦਾਤਾ ਆਪਣੇ ਹੀ ਖੇਤਾ ਵਿਚ ਖੁਦਕੁਸ਼ੀ ਕਰਕੇ ਜਿੰਦਗੀ ਦੀ ਬਾਜੀ ਹਾਰਨ ਲੱਗਾ।

ਸਰਕਾਰੀ ਅੰਕੜਿਆਂ ਮੁਤਾਬਿਕ ਪੰਜਾਬ ਵਿੱਚ ਹਰੇਕ ਸਾਲ ਲਗਭਗ 300 ਤੇ 500 ਕਿਸਾਨ ਕਰਜੇ ਦੀ ਸਮੱਸਿਆ ਕਰਕੇ ਆਪਣੀ ਜਾਨ ਤੋਂ ਹੱਥ ਧੋ ਬੈਠਦਾ ਹੈ। ਉਹ ਆਪਣੀ ਕਬੀਲਦਾਰੀ ਨਿਭਾਉਣ ਤੋਂ ਲਾਚਾਰ ਤੇ ਬੇਵੱਸ ਦਿਖਾਈ ਦਿੰਦਾ ਹੈ। ਜਿਵੇਂ ਹਰੇਕ ਚੀਜ਼ ਦੀ ਬਹੁਤਾਤ ਮਾੜੀ ਹੁੰਦੀ ਹੈ ਇਸੇ ਤਰ੍ਹਾਂ ਅਨਾਜ ਦੀ ਬਹੁਤਾਤ ਨੇ ਜਿੱਥੇ ਕਈ ਚੰਗੇ ਸੰਕੇਤ ਮੁਲਕ ਤੇ ਖਾਸ ਕਰਕੇ ਪੰਜਾਬ ਲਈ ਪੈਦਾ ਕੀਤੇ ਉੱਥੇ ਦੂਜੇ ਪਾਸੇ ਅਨੇਕਾਂ ਹੀ ਸਮਾਜਿਕ, ਨੈਤਿਕ ਤੇ ਆਰਥਿਕ ਨੁਕਸਾਨ ਵੀ ਪੰਜਾਬ ਦੀ ਕਿਰਸਾਨੀ ਨੂੰ ਹੰਢਾਉਣੇ ਪਏ, ਕਿਉਂਕਿ ਪੈਸਾ ਥੋੜੇ ਜਿਹੇ ਧਨਾਢ ਤੇ ਕੁੱਝ ਪ੍ਰਤੀਸ਼ਤ ਵੱਡੇ ਜਿਮੀਦਾਰਾਂ ਕੋਲ ਇਕੱਠਾ ਹੋ ਕੇ ਰਹਿ ਗਿਆ ਤੇ ਨਿਮਨ ਕਿਸਾਨੀ ਖ਼ਤਮ ਤੇ ਮੱਧਵਰਗੀ ਕਿਸਾਨ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਨਾਲ ਘਿਰਿਆ ਦਿਖਾਈ ਦੇਣ ਲੱਗਾ। ਇਸ ਤਰ੍ਹਾਂ ਹੌਲੀ-ਹੌਲੀ ਖੇਤੀ ਆਮ ਲੋਕਾਂ ਦੇ ਹੱਥਾਂ ਵਿਚੋਂ ਨਿਕਲ ਕੇ ਗੈਰ-ਕਿਸਾਨੀ ਪਿਛੋਕੜ ਵਾਲੇ ਲੋਕਾ ਕੋਲ ਜਾਣ ਲੱਗੀ ਤਾਂ ਇਸ ਦੇ ਨਤੀਜੇ ਹੋਰ ਤਰ੍ਹਾਂ ਦੇ ਨਿਕਲਣ ਲੱਗੇ। ਵਿਗਆਨਕ ਤਰੱਕੀ ਨੇ ਕੁਦਰਤੀ ਸਾਧਨਾਂ ਦੀ ਅਣਦੇਖੀ ਤੇ ਉਨ੍ਹਾਂ ਨਾਲ ਛੇੜ-ਛਾੜ ਸ਼ੁਰੂ ਕਰ ਦਿੱਤੀ ਜਿਸ ਦਾ ਨਤੀਜਾ ਇਹ ਹੋਇਆ ਕਿ ਕੁਦਰਤੀ ਵਾਤਾਵਰਨ ਦੂਸ਼ਿਤ ਹੋਣਾ ਸ਼ੁਰੂ ਹੋ ਗਿਆ।

ਉਪਰੋਕਤ ਕਿਸਾਨੀ ਜੀਵਨ ਦੀ ਵਿਚਾਰ ਚਰਚਾ ਤੋਂ ਉਪਰੰਤ ਅੰਨਦਾਤੇ ਨੂੰ ਦਰਪੇਸ਼ ਕੁਦਰਤੀ ਸੰਕਟ ਵੱਲ ਝਾਤ ਪਵਾਉਣੀ ਵੀ ਜ਼ਰੂਰੀ ਹੈ। ਭਾਵੇ ਦੇਖਣ ਨੂੰ (ਫਿਲਮਾਂ ਤੇ ਪੰਜਾਬੀ ਗੀਤਾਂ ਵਿੱਚ) ਕਿਸਾਨ (ਜੱਟ) ਬਹੁਤ ਹੀ ਮਹਾਨ ਪੈਸੇ ਵਾਲਾ ਤੇ ਮੌਜਾਂ ਕਰਦਾ ਪ੍ਰਤੀਤ ਹੁੰਦਾ ਹੈ ਪਰ ਅਸਲ ਵਿੱਚ ਕਿਸਾਨ ਨੂੰ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉਨ੍ਹਾਂ ਤੋਂ ਬਹੁ ਗਿਣਤੀ ਅਣਜਾਣ ਰਹਿੰਦੀ ਹੈ। ਖਾਸ ਤੌਰ ‘ਤੇ ਉੱਚ-ਵਰਗ ਤੇ ਕਿਸਾਨੀ ਜੀਵਨ ਤੋਂ ਦੂਰ ਰਹਿਣ ਵਾਲਾ ਵਰਗ। ਇਸ ਲਈ ਵਰਤਮਾਨ ਸਮੇਂ ਦੀਆਂ ਸਮਾਜਕ, ਆਰਥਕ ਤੇ ਰਾਜਨੀਤਿਕ ਮੁਸ਼ਕਲਾਂ ਤਾਂ ਭਾਵੇਂ ਸਮੇਂ ਦੀ ਕਾਵ ਜਾਂ ਕਿਸੇ ਖਾਸ ਕਾਰਨ ਕਰਕੇ ਪੈਦਾ ਹੁੰਦੀਆਂ ਹਨ ਪਰ ਕੁਦਰਤੀ ਆਫਤਾਂ/ਸੰਕਟ ਅਜਿਹੀ ਮਾਰ ਹੈ ਜਿਸ ਦਾ ਅੰਦਾਜਾ ਲਗਾਉਣਾ ਮੁਸ਼ਕਿਲ ਹੀ ਨਹੀਂ ਅਸੰਭਵ ਹੁੰਦਾ ਹੈ ਤੇ ਪਰ ਇਨ੍ਹਾਂ ਦਾ ਹੱਲ ਕੋਈ ਨਹੀਂ ਹੁੰਦਾ। ਜਿਸ ਕਰਕੇ ਇਨ੍ਹਾਂ ਦੀ ਪਈ ਮਾਰ ਕਿਸਾਨੀ ਜੀਵਨ ਨੂੰ ਕਈ ਸਾਲਾਂ ਪਿੱਛੇ ਕਰ ਦਿੰਦੀ ਹੈ। ਸੋ ਕੁਦਰਤੀ ਸੰਕਟਾਂ ਵਿੱਚ ਮੁੱਖ ਤੌਰ ‘ਤੇ ਸੋਕਾ, ਡੋਬਾ, ਗੜ੍ਹੇਮਾਰੀ ਤੇ ਦਰਿਆਵਾਂ ਦੀ ਮਾਰ (ਹੜ੍ਹਾਂ ਦੀ ਸਮੱਸਿਆ) ਆਦਿ ਕਿਸਾਨੀ ਜੀਵਨ ਦੇ ਨਾਲ-ਨਾਲ ਰਹਿੰਦੇ ਹਨ।

ਕੁਦਰਤੀ ਸੰਕਟਾਂ ਵਿੱਚੋਂ ਸਭ ਤੋਂ ਵੱਡੀ ਮਾਰ ਜੋ ਪੈਂਦੀ ਹੈ, ਉਹ ਹੈ ਹੜ੍ਹਾਂ ਦੀ ਮਾਰ। ਜਿਹੜਾ ਪੰਜਾਬ ਕਦੇ ਪੰਜ-ਆਬ ਕਰਕੇ ਜਾਣਿਆ ਜਾਂਦਾ ਸੀ ਤੇ ਆਪਣੇ ਇਸੇ ਆਬ ਕਰਕੇ ਖੇਤੀ ਖੇਤਰ ਵਿਚ ਦੇਸ ਦਾ ਮੋਹਰੀ ਸੂਬਾ ਬਣਿਆ ਸੀ ਹੌਲੀ ਹੌਲੀ ਇਹੀ ਆਬ ਇਕ ਭਿਅੰਕਰ ਦੈਂਤ ਦਾ ਰੂਪ ਧਾਰਨ ਕਰਨ ਲੱਗਾ ਤੇ ਇਹ ਦਰਿਆਈ ਪਾਣੀ ਭਿਆਨਕ ਹੜ੍ਹਾ ਦਾ ਰੂਪ ਧਾਰਨ ਕਰਕੇ ਪੰਜਾਬ ਦੇ ਬਹੁਤੇ ਖੇਤਰ ਨੂੰ ਆਪਣੀ ਮਾਰ ਹੇਠ ਲੈਣ ਲੱਗਾ ਕਿਉ ਜੋ ਲੋੜੋਂ ਵੱਧ ਦਰਿਆਈ ਪਾਣੀ ਦਾ ਵਹਾਅ ਪੰਜਾਬ ਦੇ ਕਿਸਾਨਾਂ ਅਤੇ ਖੇਤੀ ਲਈ ਇਕ ਵੱਡੀ ਵੰਗਾਰ ਬਣਨ ਲੱਗਾ। ਅਜਿਹਾ ਹੜ੍ਹਾਂ ਦਾ ਦੌਰ ਲਗਭਗ ਹਰੇਕ ਸਾਲ ਨਜ਼ਰ ਆਉਣ ਲੱਗਾ ਜਿਵੇਂ ਕਿ ਇਹ ਅੰਕੜੇ ਦੱਸਦੇ ਹਨ:-

**ਸਾਲ-ਵਾਰ ਹੜ੍ਹਾਂ ਨਾਲ ਸਬੰਧਤ ਅੰਕੜਿਆਂ ਦਾ ਵੇਰਵਾ**

| ਸਾਲ | ਹੜ੍ਹਾਂ ਦੀ ਲਪੇਟ ਵਿਚ ਆਏ ਪਿੰਡਾਂ/ਨਗਰਾਂ ਦੀ ਗਿਣਤੀ | ਹੜ੍ਹਾਂ ਦੀ ਮਾਰ ਵਿਚ ਆਇਆ ਰਕਬਾ ਵਰਗ ਕਿਲੋਮੀਟਰ | ਹੜ੍ਹਾਂ ਦੀ ਮਾਰ ਵਿਚ ਆਈ ਆਬਾਦੀ (ਗਿਣਤੀ) | ਮਨੁੱਖੀ ਮੌਤਾਂ ਦੀ (ਗਿਣਤੀ) | ਪਸ਼ੂਆਂ ਦਾ ਨੁਕਸਾਨ (ਗਿਣਤੀ) | ਨੁਕਸਾਨ ਹੋਈਆਂ ਫਸਲਾਂ ਅਧੀਨ ਰਕਬਾ (ਹੈਕਟੇਅਰ) | ਨੁਕਸਾਨ ਹੋਏ ਰਕਬੇ ਦੀ ਫਸਲ ਦੇ ਕੁੱਲ ਰਕਬੇ ਨਾਲ ਪ੍ਰਤਿਸ਼ਤਤਾ | ਨੁਕਸਾਨ ਹੋਈਆਂ ਫਸਲਾਂ ਦਾ ਮੁੱਲ |
|---|---|---|---|---|---|---|---|---|
| 1970 | 176 | 118 | 7541 | 1 | 5 | 6987 | 0.12 | 3,088,000 |
| 1980 | 1191 | 489 | 85724 | 44 | 117 | 48,930 | 0.72 | 6,559,000 |
| 1990 | 755 | 471 | 90,465 | 13 | 275 | 47,078 | 9.75 | 2,51,086,000 |
| 2000 | 81 | 127 | 319 | 5 | 88 | 12,620 | 0.16 | 77,116,000 |
| 2010 | 1081 | 1608 | 62318 | 37 | 109 | 75645 | 1.00 | 20,65,182,000 |
| 2011 | 1196 | 6954 | 171773 | 36 | 133 | 102828 | 1.30 | 22,32,525,000 |
| 2012 | 1041 | 110 | 35694 | 31 | 80 | 11961 | 0.15 | 7,13,248,000 |
| 2013 | 1408 | 37892 | 137858 | 1334 | 250 | 3603513 | 0.46 | 10,50,048,000 |
| 2014 | 553 | 322 | 399211 | 17 | 81 | 22465 | 0.03 | 38,942,000 |
| 2015 | 464 | 15674 | 41259 | 3 | 19 | 71204 | 0.90 | 8,86,054,000 |
| 2019 | 469 | 58197 | 46063 | 20 | 20 | 67906 | 0.75 | 345,225,000 |
| 2020 | 764 | 29876 | 180466 | 22 | 631 | 67906 | 0.75 | 53,14,155,000 |
| 2021 | 51 | 21408 | 14640 | 10 | 6 | 20771 | 0.27 | 5,92,963,000 |
| 2022 | 117 | 12010 | - | 10 | 25 | 18692 | 0.24 | 5,41,042,000 |
| 2023 | 219 | 162 | 10272 | 14 | 6 | 920727 | 11.66 | 3,81,549,000 |

Source – Statistical Abstract of Punjab Various Years [3]

ਉਪਰੋਕਤ ਟੇਬਲ ਦੇ ਅੰਕੜੇ ਵੱਖ-ਵੱਖ ਸਾਲਾਂ ਵਿੱਚ ਹੜ੍ਹਾਂ ਦੁਆਰਾ ਹੋਏ ਪੰਜਾਬ ਦੇ ਨੁਕਸਾਨ ਨੂੰ ਭਲੀ-ਭਾਂਤ ਬਿਆਨ ਕਰਦੇ ਹਨ, ਜੇਕਰ ਸਹੀ ਤਸਵੀਰ ਦੀ ਗੱਲ ਕਰੀਏ ਤਾਂ ਇਸ ਦਾ ਸਭ ਤੋਂ ਵੱਧ ਨੁਕਸਾਨ ਖੇਤੀ ਅਰਥਚਾਰੇ ਭਾਵ ਕਿਸਾਨੀ ਨੂੰ ਹੀ ਝੱਲਣਾ ਪਿਆ। ਜੇਕਰ ਇਕ ਕੌੜੇ ਸੱਚ ਦਾ ਜਿਕਰ ਇਥੇ ਕੀਤਾ ਜਾਵੇ ਤਾਂ ਉਹ ਇਹ ਹੈ ਕਿ ਭਾਵੇਂ ਪੰਜਾਬ ਵਿਚ ਕਈ ਨਹਿਰਾਂ ਹਰਿਆਣਾ ਤੇ ਰਾਜਸਥਾਨ ਲਈ ਨਿਕਲਦੀਆਂ ਹਨ ਪਰ ਹੜ੍ਹਾਂ ਵਰਗੀ ਸੰਕਟਮਈ ਸਥਿਤੀ ਦੌਰਾਨ ਫਾਲਤੂ ਪਾਣੀ ਇਨ੍ਹਾਂ ਨਹਿਰਾਂ ਵਿਚ ਪਾਉਣ ਦੀ ਬਜਾਏ ਇਸ ਦਾ ਵਹਾਅ ਪੰਜਾਬ ਦੇ ਮੈਦਾਨੀ ਇਲਾਕੇ ਵਿਚੋਂ ਵਹਿਣ ਵਾਲੇ ਦਰਿਆਵਾਂ ਵੱਲ ਨੂੰ ਹੀ ਕਰ ਦਿੱਤਾ ਜਾਂਦਾ ਹੈ ਜੋ ਕਿ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਦੀਆਂ ਬੇਤਰਤੀਬੀਆਂ ਤੇ ਕਿਸਾਨ ਵਿਰੋਧੀ ਯੋਜਨਾਵਾਂ ਦਾ ਸਿੱਧਾ ਨਤੀਜਾ ਹਨ ਜਿਸ ਦਾ ਹਰਜਾਨਾ ਕੇਵਲ ਤੇ ਕੇਵਲ ਪੰਜਾਬੀ ਕਿਰਸਾਨੀ ਨੂੰ ਸਿੱਧੇ ਤੌਰ ਤੇ ਭਰਨਾ ਪੈਂਦਾ ਹੈ।

ਹਰੀ-ਕ੍ਰਾਂਤੀ ਤੋਂ ਪਹਿਲਾਂ ਤੋਂ ਸਾਰੀ ਕਿਸਾਨੀ ਕੁਦਰਤੀ ਸਾਧਨਾਂ ‘ਤੇ ਨਿਰਭਰ ਕਰਦੀ ਸੀ, ਪਰ ਜੇਕਰ ਸਮੇਂ ਸਿਰ ਵਰਖਾ ਨਾਂ ਆਵੇ ਤਾਂ ਫਸਲਾਂ ਸੋਕੇ ਦੇ ਮਾਰ ਹੇਠ ਹੀ ਸੜ-ਸੁੱਕ ਜਾਂਦੀਆਂ ਸਨ ਤੇ ਜੇਕਰ ਰੱਬ ਦੀ ਮਰਜੀ ਨਾਲ ਫਸਲ ਪਕ ਕੇ ਤਿਆਰ ਹੋ ਜਾਂਦੀ ਸੀ ਤੇ ਕਈ ਵਾਰ ਪੱਕੀ ਫਸਲ ਤੇ ਵਰਖਾ ਦੀ ਬਹੁਤਾਂਤ ਹੋਣੀ ਦਾ ਕਾਰਨ ਬਣਦੀ ਸੀ ਜੋ ਕਿ ਅੱਜ ਦੇ ਸਮੇਂ ਵਿੱਚ ਵੀ ਕਿਸਾਨੀ ਫਸਲਾਂ ਨੂੰ ਮਾਰ ਕਰਦੀ ਹੈ ਜਦ ਫਸਲਾਂ ਦੀ ਕਟਾਈ ਸਮੇਂ ਬੇ-ਮੌਸਮੀ ਮਾਨਸੂਨ ਮੀਂਹ ਦਾ ਕਾਰਨ ਬਣੇ। ਕਿਸਾਨੀ ‘ਤੇ ਮੌਸਮ ਦਾ ਸਬੰਧ ਬੜਾ ਡੂੰਘਾ ਅਸਰ ਹੈ। ਇਸ ਲਈ ਬਜਾਈ ਤੇ ਕਟਾਈ ਸਮੇਂ ਕਿਸੇ ਵੀ ਮੌਸਮ ਵਿੱਚ ਬਰਸਾਤ ਦੀ ਕਮੀ ਜਾਂ ਬਹੁਤਾਂਤ ਹਮੇਸ਼ਾਂ ਹੀ ਫਸਲਾਂ ਲਈ ਕੋਈ ਨਾਂ ਕੋਈ ਮੁਸੀਬਤ ਲੈ ਕੇ ਆਉਂਦੀ ਹੈ ਕਿਉਂਕਿ ਪੰਜਾਬ ਦੀ ਖੇਤੀ ਜਿਆਦਾਤਰ ਮਾਨਵ

ਸ਼ਕਤੀ ਤੇ ਕੁਦਰਤੀ ਸਾਧਨਾਂ 'ਤੇ ਨਿਰਭਰ ਹੈ। ਇਸ ਲਈ ਅਜਿਹੀਆਂ ਅਚਾਨਕ ਆਉਂਣ ਵਾਲੀਆਂ ਮੁਸ਼ਕਲਾਂ ਨਾਲ ਨਿਜਠਣਾਂ ਕਿਸਾਨੀ ਦੇ ਵਸ ਤੋਂ ਬਾਹਰੀ ਹੈ ਇਸ ਲਈ ਕਿਹਾ ਜਾਂਦਾ ਹੈ "ਖੇਤੀ ਕਰਮਾਂ ਸੇਤੀ" ਮੌਸਮ ਦੀ ਤਬਦੀਲੀ ਬੇਮੌਸਮੀ ਮਾਨਸੂਨ ਕਿਸਾਨੀ ਲਈ ਇੱਕ ਵੰਗਾਰ ਬਣਦਾ ਹੈ। ਇਸ ਲਈ ਖੜ੍ਹੀਆਂ ਫਸਲਾਂ ਤੇ ਪਈ ਬਰਸਾਤ ਫਸਲਾਂ ਦੀ ਗੁਣਵੱਤਾ ਤੇ ਅਸਰ ਪਾਉਂਦੀ ਹੈ ਜੋ ਕਿ ਮੰਡੀ ਵਿੱਚ ਜਾ ਕੇ ਖ੍ਰੀਦ ਨੂੰ ਕਈ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਕਈ ਵਾਰ ਕਿਸੇ ਇਲਾਕੇਵਿੱਚ ਕੁਦਰਤੀ ਪਾਣੀ ਦੇ ਸਾਧਨਾਂ ਦੀ ਘਾਟ ਹੁੰਦੀ ਹੈ। ਜੇਕਰ ਉੱਥੇ ਬਰਸਾਤ ਨਾਂ ਹੋਵੇ ਤਾਂ ਉਹ ਵੀ ਫਸਲਾਂ ਦੀ ਗੁਣਵੱਤਾ ਨੂੰ ਘਟਾਉਂਦੀ ਹੈ। ਇਨ੍ਹਾਂ ਕਾਰਨਾਂ ਕਰਕੇ ਫਸਲਾਂ ਦੀ ਪੂਰੀ ਕੀਮਤ ਨਾਂ ਮਿਲਣਾ ਵੀ ਕਿਸਾਨੀ ਲਈ ਇੱਕ ਅਸਹਿ ਮਾਰ ਹੁੰਦੀ ਹੈ ਪਰ ਇਨ੍ਹਾਂ ਘਾਟਿਆਂ ਦੀ ਪੂਰਤੀ ਲਈ ਕੋਈ ਵੀ ਯਤਨ ਸਰਕਾਰ ਵੱਲੋਂ ਨਹੀਂ ਕੀਤਾ ਜਾਂਦਾ ਹੈ ਜਦਕਿ ਹੋਰ ਕਾਰੋਬਾਰ ਕਰਨ ਵਾਲਿਆਂ ਨੂੰ ਜੇਕਰ ਕੋਈ ਮਾਰ ਪੈ ਜਾਵੇ ਤਾਂ ਉਨ੍ਹਾਂ ਲਈ ਸਰਕਾਰੀ ਸਹਾਇਤਾ ਦੇਣ ਦੀ ਵਿਵਸਥਾ ਸਰਕਾਰ ਵੱਲੋਂ ਕੀਤੀ ਜਾਂਦੀ ਹੈ।

ਕਿਸਾਨ ਖੁਦਕੁਸ਼ੀਆਂ ਖੇਤੀ ਖੇਤਰ ਦੀ ਆਰਥਿਕ ਮੰਦਹਾਲੀ ਚ ਉਪਜਿਆ ਆਤਮਘਾਤੀ ਕਦਮ ਹੈ। ਮਾੜੀ ਆਰਥਿਕ ਹਾਲਤ ਕਰਕੇ ਜਦੋਂ ਗੁਜਾਰਾ ਕਰਨਾ ਅਸੰਭਵ ਹੋ ਜਾਵੇ ਜਾਂ ਕਰਜਾ ਹੱਦ ਤੋਂ ਵੱਧ ਜਾਵੇ ਤਾਂ ਢਹਿੰਦੀ ਕਲਾ 'ਚ ਆ ਕੇ ਕਿਸਾਨ ਵੱਲੋਂ ਕੀਤੀ ਆਤਮਹੱਤਿਆ ਨੂੰ ਕਿਸਾਨ ਖੁਦਕੁਸ਼ੀ ਕਿਹਾ ਜਾਂਦਾ ਹੈ। *2014 ਵਿੱਚ ਭਾਰਤ ਦੀ ਨੈਸ਼ਨਲ ਕ੍ਰਾਇਮ ਰਿਕਾਰਡ ਬਿਓਰੋ ਨੇ 5650 ਕਿਸਾਨ ਖੁਦਕੁਸ਼ੀਆਂ ਦੀ ਰਿਪੋਰਟ ਦਿੱਤੀ। 2004 ਵਿੱਚ ਸਭ ਤੋਂ ਵੱਧ 1824 ਕਿਸਾਨ ਖੁਦਕੁਸ਼ੀ ਕਰ ਗਏ। 2005 ਰਾਹੀਂ 10 ਸਾਲ ਦੇ ਅਰਸੇ ਵਿੱਚ ਭਾਰਤ ਵਿੱਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਰੇਂਜ 1,00,000/- ਕੁੱਲ ਅਬਾਦੀ ਪ੍ਰਤੀ 1.4 ਤੋਂ 1.8 ਦੇ ਵਿਚਕਾਰ ਸੀ। ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਕਰਾਇਮ ਰਿਕਾਰਡਜ ਬਿਓਰੋ ਦੇ ਅੰਕੜਿਆਂ ਅਨੁਸਾਰ 1995 ਤੋਂ 2016 ਦੌਰਾਨ 3 ਲੱਖ ਤੋਂ ਵੱਧ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਰਜ ਹੋਈਆਂ ਹਨ। ਹੁਣ ਇਸ ਅਦਾਰੇ ਦੁਆਰਾ ਕਿਸਾਨ ਖੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਨੇ ਬੰਦ ਕੀਤੇ ਹੋਏ ਹਨ। ਖੇਤਬਾੜੀ ਵਿਕਾਸ ਦੇ ਪੱਖ ਤੋਂ ਨਮੂਨੇ ਦੇ ਪ੍ਰਚਾਰੇ ਜਾਂਦੇ ਸੂਬੇ ਪੰਜਾਬ ਵਿੱਚ 2000 ਤੋਂ 2015 ਤੱਕ ਦੇ ਸੋਲ੍ਹਾਂ ਸਾਲਾ ਦੌਰਾਨ 16, 000/- ਤੋਂ ਵੱਧ ਕਿਸਾਨਾਂ ਤੇ ਖੇਤ ਮਜਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਅੰਕੜਿਆਂ ਅਨੁਸਾਰ ਜਿਆਦਾ ਕਰਜਾ ਵੱਡੇ ਕਿਸਾਨਾਂ ਤੇ ਹੈ ਪਰ ਜਿਆਦਾ ਖੁਦਕੁਸ਼ੀ ਛੋਟੀ ਮਾਲਕੀ ਵਾਲੇ ਕਿਸਾਨ ਕਰ ਰਹੇ ਹਨ।* [4]

ਸੋ ਇੱਥੇ ਕਹਿਣਾ ਵਾਜਬ ਹੋਵੇਗਾ ਕਿ ਸੂਬਾ ਤੇ ਕੇਂਦਰ ਸਰਕਾਰ ਨੂੰ ਪੰਜਾਬ ਦੀ ਕਿਸਾਨੀ ਤੇ ਖੇਤੀ ਲਈ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਸਹੂਲਤਾਂ ਦੇਣ ਤੇ ਯੋਜਨਾਬੰਦੀ ਕਰਨ ਲਈ ਪਹਿਲ ਦੇ ਅਧਾਰ ਤੇ ਕਾਰਜ ਕਰਨੇ ਚਾਹੀਦੇ ਹਨ, ਜਿਵੇਂ ਕਿ ਭਾਰਤ ਦੀ ਅਰਥ-ਵਿਵਸਥਾ ਖੇਤੀ 'ਤੇ ਨਿਰਭਰ ਕਰਦੀ ਹੈ ਤੇ ਪੰਜਾਬ ਦੀ ਕਿਸਾਨੀ ਇਸ ਦੀ ਰੀੜ੍ਹ ਦੀ ਹੱਡੀ ਦਾ ਕੰਮ ਕਰਦੀ ਹੈ। ਪੰਜਾਬ ਦੀ ਖੇਤੀ ਹੇਠਲੀ ਜਮੀਨ ਦੀ ਪ੍ਰਫੁੱਲਤਾ ਤੇ ਧਰਤੀ ਹੇਠਲੇ ਪਾਣੀ ਦੇ ਸਤਰ ਦਾ ਸੰਤੁਲਨ ਕਾਇਮ ਰੱਖਣ ਲਈ ਖਾਸ ਯੋਜਨਾਵਾਂ ਹੋਣੀਆਂ ਚਾਹੀਦੀਆਂ ਹਨ। ਮਾਨਸੂਨ ਰੁੱਤ ਤੋਂ ਪਹਿਲਾ ਹੜ੍ਹਾਂ ਦੇ ਖਤਰੇ ਨਾਲ ਨਜਿੱਠਣ ਲਈ ਅਗਾਊ ਉਪਰਾਲੇ ਤੇ ਪ੍ਰਬੰਧ ਹੋਣੇ ਜਰੂਰੀ ਹਨ। ਕਿਸਾਨੀ ਦੀ ਉੱਨਤੀ ਤੇ ਪ੍ਰਗਤੀ ਲਈ ਦਿਸ਼ਾ-ਨਿਰਦੇਸ਼ ਦੇਣ ਹਿੱਤ ਸਮੇਂ-ਸਮੇਂ 'ਤੇ ਲਹਿਰਾਂ ਤੇ ਅੰਦੋਲਨ ਵੀ ਹੁੰਦੇ ਰਹੇ ਹਨ। ਜਿਸ ਦੀ ਤਾਜੀ ਮਿਸਾਲ ਅਗਸਤ 2020 ਵਿਚ ਚੱਲਿਆ ਕਿਸਾਨੀ ਅੰਦੋਲਨ ਹੈ ਜਿਸ ਰਾਹੀਂ ਸਮੇਂ ਦੀ ਸਰਕਾਰ ਨੂੰ ਆਗਾਹ ਕਰਵਾਇਆ ਗਿਆ। ਜਿਸ ਵਿਚ ਹੇਠ ਲਿਖੇ ਕੁਝ ਨੁਕਤਿਆਂ ਨੂੰ ਵਿਚਾਰ ਕੇ ਕਿਸਾਨੀ ਤੇ ਪੰਜਾਬ ਦੀ ਖੇਤੀ ਨੂੰ ਪ੍ਰਫੁੱਲਤ ਕੀਤਾ ਜਾ ਸਕਦਾ ਹੈ:-

**ੳ) ਫੌਰੀ ਮੰਗਾਂ [5] :-**

1. ਸਾਰੀਆਂ ਫਸਲਾਂ ਦੀ ਡਾਕਟਰ ਸਵਾਮੀਨਾਥਨ ਫਾਰਮੂਲੇ ਅਨੁਸਾਰ MSP@C2+50% ਤੇ ਖਰੀਦ ਦੀ ਕਾਨੂੰਨੀ ਗਰੰਟੀ ਕਰੋ।

2. ਕਿਸਾਨਾਂ ਅਤੇ ਖੇਤ ਮਜਦੂਰਾਂ ਨੂੰ ਕਰਜੇ ਖੁਦਕੁਸ਼ੀਆਂ ਅਤੇ ਦੁਖਦਾਈ ਪਰਵਾਸ ਤੋਂ ਬਚਾਉਣ ਲਈ ਵਿਆਪਕ ਕਰਜਾ ਮੁਆਫੀ।

3. ਬਿਜਲੀ ਖੇਤਰ ਦਾ ਨਿੱਜੀਕਰਨ ਬੰਦ ਕਰੋ। ਪ੍ਰੀਪੇਡ ਸਮਾਰਟ ਮੀਟਰ ਲਾਉਣੇ ਬੰਦ ਕਰੋ।

4. ਖੇਤੀ ਸਮੱਗਰੀ ਜਿਵੇਂ ਕਿ ਖਾਦਾਂ, ਬੀਜਾਂ, ਕੀਟਨਾਸਕਾਂ, ਬਿਜਲੀ, ਸਿੰਚਾਈ, ਮਸ਼ੀਨਰੀ ਸਪੇਅਰ ਪਾਰਟਸ ਅਤੇ ਟਰੈਕਟਰਾਂ 'ਤੇ ਜੀਐਸਟੀ ਲਾਉਣੀ ਬੰਦ ਕਰੋ। ਖੇਤੀ ਲਾਗਤਾਂ 'ਤੇ ਸਬਸਿਡੀ ਮੁੜ ਸ਼ੁਰੂ ਕੀਤੀ ਜਾਵੇ। ਸਰਕਾਰੀ ਸਕੀਮਾਂ ਦਾ ਲਾਭ ਹਿੱਸੇ / ਠੇਕੇ ਤੇ ਜਮੀਨ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਤੱਕ ਪਹੁੰਚਾਉ।

5. ਸਾਰੀਆਂ ਫਸਲਾਂ ਅਤੇ ਪਸ਼ੂ ਪਾਲਣ ਲਈ ਸਰਕਾਰੀ ਬੀਮਾ ਸਕੀਮ ਲਾਗੂ ਕਰੋ। ਕਾਰਪੋਰੇਟ ਪੱਖੀ PFMBY ਸਕੀਮ ਨੂੰ ਬੰਦ ਕਰੋ।

6. ਅਨਾਜ ਉਤਪਾਦਕ ਹੋਣ ਦੇ ਨਾਤੇ, ਕਿਸਾਨਾਂ ਅਤੇ ਖੇਤ ਮਜ਼ਦੂਰਾ ਦੇ ਪੈਨਸ਼ਨ ਦੇ ਅਧਿਕਾਰ ਨੂੰ ਮਾਨਤਾ ਦਿਓ ਅਤੇ 60 ਸਾਲ ਦੀ ਉਮਰ ਤੋਂ 10, 000 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿਓ। 7, 736 ਕਿਸਾਨ ਸਹੀਦਾਂ ਦੀ ਯਾਦ ਵਿੱਚ ਸਿੰਧੂ/ਟਿਕਰੀ ਬਾਰਡਰ 'ਤੇ ਇੱਕ ਢੁਕਵੀਂ ਸ਼ਹੀਦੀ ਯਾਦਗਾਰ ਦਾ ਨਿਰਮਾਣ ਕਰਨਾ। ਲਖੀਮਪੁਰ ਖੀਰੀ ਦੇ ਸਹੀਦਾਂ ਸਮੇਤ ਇਤਰਾਸਕ ਕਿਸਾਨ ਸੰਘਰਸ਼ ਦੇ ਸਾਰੇ ਸਹੀਦਾਂ ਦੇ ਪਰਿਵਾਰਾਂ ਨੂੰ ਯੋਗ ਮੁਆਵਜਾ ਦਿੱਤਾ ਜਾਵੇ। ਕਿਸਾਨ ਸੰਘਰਸ ਨਾਲ ਜੁੜੇ ਸਾਰੇ ਕੇਸ ਵਾਪਸ ਲਏ ਜਾਏ।

**ਅ) ਨੀਤੀਗਤ ਮੰਗਾ [5] :-**

1. ਖੇਤੀਬਾੜੀ ਲਈ ਵੱਖਰਾ ਕੇਂਦਰੀ ਬਜਟ ਜਾਰੀ ਕੀਤਾ ਜਾਵੇ।

2. ਖੇਤੀ ਖੇਤਰ ਵਿੱਚ ਕਾਰਪੋਰੇਟਾਂ ਦਾ ਦਾਖਲਾ ਬੰਦ ਕਰੋ। ਖੇਤੀਬਾੜੀ ਉਤਪਾਦਨ ਵਪਾਰ ਅਤੇ ਫੂਡ ਪ੍ਰੋਸੈਸਿੰਗ ਵਿੱਚ ਬਹੁ ਕੌਮੀ ਕੰਪਨੀਆ ਦਾ ਦਾਖਲਾ ਬੰਦ ਕਰੋ। ਕੋਈ ਮੁਕਤ ਵਪਾਰ ਸਮਝੌਤੇ (FTA) ਨਹੀਂ। ਭਾਰਤ ਨੂੰ ਖੇਤੀਬਾੜੀ ਤੇ ਵਿਸ਼ਵ ਵਪਾਰ ਸੰਗਠਨ ਦੇ ਸਮਝੌਤੇ ਤੋਂ ਬਾਹਰ ਕੱਢੋ।

3. GST ਐਕਟ ਵਿੱਚ ਸੋਧ ਕਰੋ ਅਤੇ ਭਾਰਤ ਦੇ ਸੰਵਧਾਨ ਵਿੱਚ ਦਰਜ ਸੰਘੀ ਸਿਧਾਤਾਂ ਦੇ ਅਨੁਸਾਰ ਭਾਰਤ ਦੇ ਮਜਬੂਤ ਸੰਘ ਦੇ ਸਿਧਾਂਤ ਨੂੰ ਕਾਇਮ ਰੱਖਦੇ ਹੋਏ ਰਾਜ ਸਰਕਾਰਾਂ ਦੇ ਟੈਕਸ ਲਗਾਉਣ ਦੇ ਅਧਿਕਾਰ ਨੂੰ ਬਹਾਲ ਕਰੋ।

4. ਸਹਿਕਾਰਤਾ ਨੂੰ ਰਾਜ ਦੇ ਵਿਸ਼ੇ ਵਜੋਂ ਮਾਨਤਾ ਦਿੰਦੇ ਸੰਵਿਧਾਨਕ ਉਪਬੰਧ ਨੂੰ ਬਰਕਰਾਰ ਰੱਖਣਾ ਅਤੇ ਕੇਂਦਰੀ ਸਹਿਕਾਰਤਾ ਮੰਤਰਾਲੇ ਨੂੰ ਖਤਮ ਕਰਨਾ।

5. ਮਨਰੇਗਾ ਦੀ ਦਿਹਾੜੀ ਵਧਾ ਕੇ 600/- ਰੁਪਏ ਕੀਤੀ ਜਾਵੇ। ਸਾਰੇ ਭਾਰਤ ਵਿੱਚ ਮਨਰੇਗਾ ਨੂੰ ਖੇਤੀਬਾੜੀ ਵਿਕਾਸ ਲਈ ਪਾਣੀ ਬਚਾਉਣ ਅਤੇ ਸਾਂਭ ਸੰਭਾਲ

ਦੀ ਯੋਜਨਾ ਨਾਲ ਜੋੜੇ।

6. ਚਾਰ ਲੇਬਰ ਕੋਡ ਰੱਦ ਕਰੋ। ਸਾਰੇ ਦੇਸ਼ ਵਿੱਚ ਘੱਟੋ-ਘੱਟ ਉਜਰਤ 26000/ਮਹੀਨਾ ਲਾਗੂ ਕਰੋ। ਜਨਤਕ ਖੇਤਰ ਦਾ ਨਿੱਜੀਕਰਨ ਬੰਦ ਕਰੋ, ਰਾਸ਼ਟਰੀ ਮੁਦਰੀਕਰਨ ਪਾਈਪਲਾਈਨ (NMP) ਨੂੰ ਰੱਦ ਕਰੋ। ਮਜ਼ਦੂਰਾਂ ਲਈ ਠੇਕੇਦਾਰੀ ਸਿਸਟਮ ਬੰਦ ਕਰੋ।

ਅਖੀਰ ਵਿੱਚ ਅਸੀਂ ਇਸ ਨਤੀਜੇ ਤੇ ਪੁੱਜਦੇ ਹਾਂ ਕਿਸਾਨ ਪੰਜਾਬ ਦੇ ਅਰਥਚਾਰੇ ਦੀ ਬੁਨਿਆਦ ਹੈ ਭਾਵੇਂ ਇਸ ਪੇਸ਼ੇ ਨੂੰ ਸਰਦੀ-ਗਰਮੀ ਦੀ ਪ੍ਰਵਾਹ ਕੀਤੇ ਬਿਨਾਂ ਦਿਨ-ਰਾਤ ਨਿਰੰਤਰ ਕੰਮ ਕਰਨਾ ਪੈਂਦਾ ਹੈ, ਪਰ ਇਸ ਦੀ ਮਿਹਨਤ ਦਾ ਮੁੱਲ ਸਹੀ ਨਹੀਂ ਪੈਂਦਾ ਹੈ। ਇਸ ਲਈ ਇਸ ਦੇ ਸਿਰੜ ਨੂੰ ਸਿਜਦਾ ਹੈ। ਇਸੇ ਕਰਕੇ ਇਸ ਨੂੰ ਅੰਨਦਾਤੇ ਦਾ ਖਿਤਾਬ ਦਿੱਤਾ ਜਾਂਦਾ ਹੈ ਭਾਵੇ ਸਰਕਾਰੀ ਅੰਕੜੇ ਇਸ ਪੇਸ਼ੇ ਦੀ ਸਮੱਸਿਆ ਨੂੰ ਸਹੀ ਤੇ ਜ਼ਮੀਨੀ ਹਕੀਕਤ ਅਨੁਸਾਰ ਨਹੀਂ ਦੱਸਦੇ ਕਿਉਂਕਿ ਇਹ ਰਿਪੋਰਟਾਂ ਤੇ ਸਰਵੇਖਣ ਦੇ ਅੰਕੜੇ ਆਮ ਕਿਸਾਨ ਦੀ ਬਜਾਏ ਨੌਕਰਸ਼ਾਹੀ ਦੁਆਰਾ ਤਿਆਰ ਕੀਤੇ ਜਾਂਦੇ ਹਨ ਜਿਸ ਕਰਕੇ ਨਾਂ ਤਾਂ ਸਹੀ ਸਮੱਸਿਆ ਦੀ ਪੇਸ਼ਕਾਰੀ ਹੁੰਦੀ ਹੈ ਤੇ ਨਾਂ ਹੀ ਉਨ੍ਹਾਂ ਸਮੱਸਿਆਵਾਂ ਦਾ ਸਹੀ ਸਮੇਂ ਤੇ ਹੱਲ ਕੱਢਿਆ ਜਾਂਦਾ ਹੈ। ਸੋ ਸਰਕਾਰੀ ਦਫਤਰ ਤੇ ਆਮ ਕਿਸਾਨਾਂ ਵਿਚਲਾ ਜੋ ਪਾੜਾ ਹੈ ਉਸ ਨੂੰ ਭਰਨ ਦੀ ਜਰੂਰਤ ਹੈ ਤਾਂ ਜੋ ਕਿਸਾਨੀ ਫਸਲਾਂ ਦਾ ਬੀਮਾ, ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਆਦਿ ਅਨੇਕਾ ਹੋਰ ਸਮੱਸਿਆਵਾਂ ਦਾ ਸਹੀ ਤੇ ਸਮੇਂ ਸਿਰ ਹੱਲ ਕੀਤਾ ਜਾ ਸਕੇ।

ਸੋ ਜਰੂਰਤ ਹੈ ਦੇਸ਼ ਦੇ ਅੰਨਦਾਤਾ ਕਹੇ ਜਾਣ ਵਾਲੇ ਦੀ ਅਣਥੱਕ ਮਿਹਨਤ ਦਾ ਸਹੀ ਮੁੱਲ ਪਾਇਆ ਜਾਵੇ। ਸਮੇਂ ਦੀਆਂ ਸਰਕਾਰਾਂ ਇਨ੍ਹਾਂ ਦੇ ਦੁੱਖ-ਸੁੱਖ ਵਿਚ ਇਨ੍ਹਾਂ ਦੀ ਬਾਂਹ ਫੜੇ ਜੋ ਕਿ ਜੇਠ ਦੀਆਂ ਧੁੱਪਾਂ ਤੇ ਪੋਹ ਦੀ ਠੰਡ ਵਿਚ ਖੇਤਾਂ ਵਿਚ ਕੰਮ ਕਰਕੇ ਦੇਸ਼ ਦੇ ਹਰੇਕ ਬਾਸ਼ਿੰਦੇ ਦੇ ਮੂੰਹ ਤੱਕ ਅੰਨ ਦਾ ਕਿਣਕਾ ਪਹੁੰਚਾਉਣ ਲਈ ਕੰਮ ਕਰਦਾ ਹੈ। ਲੋੜ ਹੈ ਕਿਸਾਨਾਂ ਦੀ ਖੂਨ-ਪਸੀਨੇ ਦੀ ਕਮਾਈ ਦਾ ਸਹੀ ਮੁੱਲ ਤਾਰਿਆ ਜਾਵੇ ਤਾਂ ਜੋ 'ਜੈ ਜਵਾਨ-ਜੈ ਕਿਸਾਨ' ਦੇ ਉਤਮ ਨਾਅਰੇ ਦੀ ਤਰਕ 'ਤੇ ਅਧਾਰਿਤ ਪੰਜਾਬ ਦੇ ਅੰਨਦਾਤੇ ਦੀ 'ਜੈ- ਜੈਕਾਰ' ਪੂਰੀ ਦੁਨੀਆ ਵਿਚ ਹੋ ਸਕੇ।

## *ਹਵਾਲੇ ਅਤੇ ਟਿੱਪਣੀਆਂ*


1. ਨੰਦ ਲਾਲ ਨੂਰਪੁਰੀ (2019), ਪੰਜਾਬ ਬੋਲਿਆ ਦੀਪਕ ਪਬਲੀਸ਼ਰਜ, ਜਲੰਧਰ, ਪੰਨਾ: 56
2. ਡਾ.ਟੀ.ਆਰ ਵਿਨੋਦ (1990), ਸੰਸਕ੍ਰਿਤੀ: ਪੰਜਾਬੀ ਸੰਸਕ੍ਰਿਤੀ ਲੋਕ ਗੀਤ ਪ੍ਰਕਾਸ਼ਨ, ਸਰਹਿੰਦ, ਪੰਨਾ: 29
3. Kaur, Prabhjot, Singh Sandeep and Kaur Simarjeet (2023) "Punjab Flood 2023: Causes, impact and Learning" 'Punjab Agriculture University Ludhiana. (It is listed as a 24 Page technical Bulletin form AICRPAM, Department of Climate Change and Agricultural Meteorology, Punjab Agriculture University, Ludhiana)
4. Government of India Agricultural situation in India, Dec. 2016 (Punjab NCRB table)
5. ਡਾ. ਰਮੇਸ਼ਵਰ ਸਿੰਘ ਦੀ ਮੁਲਾਕਾਤ ਅਧਾਰਿਤ ਵੇਰਵੇ



### *Cite this Article-*

*ਪ੍ਰੋ. ਰਾਜਵਿੰਦਰ ਕੌਰ (Prof. Rajwinder Kaur), ਪੰਜਾਬੀ ਕਿਸਾਨੀ ਅਤੇ ਕੁਦਰਤੀ ਸੰਕਟ: ਇੱਕ ਅਧਿਐਨ (Punjabi Kisani Ate Kudrati Sankat: Ikk Adhiyan), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 62-67.*

*Journal URL: www.armaan.org.in*
*DOI Link: https://doi.org/10.64119/armaan.vol.4.issue3.13*



*This article is an open access article published under the terms and conditions of the Creative Commons Attribution (CC BY-NC 4.0) license.*
https: //creativecommons.org/licenses/by-nc/4.0/